ਸੰਪਾਦਕੀ

# ਪੰਜਾਬ ਸਰਕਾਰ ਦੀਆਂ ਨਵੀਆਂ ਤਜਵੀਜ਼ਾਂ

ਪੰਜਾਬ ਸਰਕਾਰ ਇਸ ਸਮੇਂ ਗੰਭੀਰ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਹੀ ਹੈ। ਇਸ ਸੰਕਟ ਲਈ ਵੱਖ-ਵੱਖ ਵਰਗਾਂ ਨੂੰ ਦਿੱਤੀਆਂ ਜਾ ਰਹੀਆਂ ਰਾਹਤਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਸਰਕਾਰ ਉੱਪਰ ਇਹ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਮੰਦੇ ਵਿੱਚੋਂ ਨਿਕਲਣ ਲਈ ਕਿਸਾਨਾਂ ਅਤੇ ਹੋਰ ਵਰਗਾਂ ਨੂੰ ਦਿੱਤੀਆਂ ਜਾ ਰਹੀਆਂ ਰਾਹਤਾਂ ਵਾਪਸ ਲੈ ਲਵੇ। ਵੱਖ-ਵੱਖ ਵਰਗਾਂ ਨੂੰ ਮਿਲ ਰਹੀਆਂ ਇਹ ਰਾਹਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਚੋਣ ਮੈਨੀਫੈਸਟੋ ਦਾ ਹਿੱਸਾ ਹਨ। ਇਹ ਚੰਗੀ ਗੱਲ ਹੈ ਕਿ ਸਾਰੇ ਕਿਸਮ ਦੇ ਦਬਾਅ ਨੂੰ ਦਰਕਿਨਾਰ ਕਰਦੇ ਹੋਏ ਸਰਕਾਰ ਨੇ ਇਹ ਰਾਹਤਾਂ ਵਾਪਸ ਲੈਣ ਦੀ ਥਾਂ ' ਰਾਜ ਦੀ ਮਾਲੀ ਆਮਦਨ ਵਧਾਉਣ ਦੇ ਕੁਝ ਬਦਲਵੇਂ ਕਦਮ ਚੁੱਕਣ ਦੀ ਤਜਵੀਜ਼ ਬਣਾਈ ਹੈ। ਇਸ ਸਬੰਧ ਵਿੱਚ ਸੂਬੇ ਦੇ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਅਤੇ ਸਨਅਤ ਮੰਤਰੀ ਸ੍ਰੀ ਮਨੋਰੰਜਨ ਕਾਲੀਆ 'ਤੇ ਆਧਾਰਿਤ ਦੋ-ਮੈਂਬਰੀ ਕਮੇਟੀ ਵੱਲੋਂ ਬਣਾਈ ਗਈ ਰਿਪੋਰਟ ਮੁੱਖ ਮੰਤਰੀ ਪੰਜਾਬ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਸੌਂਪ ਦਿੱਤੀ ਹੈ। ਇਸ ਰਿਪੋਰਟ ਵਿੱਚ ਰਾਜ ਦੀ ਮੌਜੂਦਾ ਮਾਲੀ ਆਮਦਨ ਵਿੱਚ ਕੋਈ 4000 ਕਰੋੜ ਰੁਪਏ ਤੱਕ ਦਾ ਵਾਧਾ ਕਰਨ ਦੀਆਂ ਤਜਵੀਜ਼ਾਂ ਸੁਝਾਈਆਂ ਗਈਆਂ ਹਨ। ਨਵੀਆਂ ਤਜਵੀਜ਼ਾਂ ਲਾਗੂ ਹੋਣ ਨਾਲ ਮੌਜੂਦਾ ਰਾਹਤਾਂ ਅਤੇ ਸਬਸਿਡੀਆਂ ਨੂੰ ਤਕਰੀਬਨ ਜਾਰੀ ਰੱਖਿਆ ਜਾ ਸਕੇਗਾ। 26 ਸਫੇ ਦੀ ਇਸ ਰਿਪੋਰਟ ਵਿੱਚ ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਹੇਠ ਪ੍ਰਾਪਤ ਕੀਤੀ ਗਈ ਕੇਂਦਰੀ ਗਰਾਂਟ ਨੂੰ ਜਾਰੀ ਰੱਖਣ ਲਈ ਰਾਜ ਵਿਚ ਜਾਇਦਾਦ ਟੈਕਸ ਲਾਗੂ ਕੀਤੇ ਜਾਣ ਦੀ ਤਜਵੀਜ਼ ਰੱਖੀ ਗਈ ਹੈ, ਜਿਸ ਨਾਲ ਸਰਕਾਰ ਨੂੰ ਕੋਈ 1000 ਕਰੋੜ ਰੁਪਏ ਦੀ ਆਮਦਨ ਹੋਵੇਗੀ। ਇਸੇ ਤਰ੍ਹਾਂ 'ਵੈਟ' ਟੈਕਸ ਦੀ ਮੌਜੂਦਾ 4 ਫ਼ੀਸਦੀ ਵਾਲੀ ਸ਼੍ਰੇਣੀ ਲਈ ਟੈਕਸ 5 ਫ਼ੀਸਦੀ ਕੀਤੇ ਜਾਣ ਅਤੇ ਚੂੰਗੀ ਦੀ ਥਾਂ 'ਵੈਟ' 'ਤੇ 10 ਫ਼ੀਸਦੀ ਸਰਚਾਰਜ ਲਗਾਏ ਜਾਣ ਦੀ ਤਜਵੀਜ਼ ਰੱਖੀ ਗਈ ਹੈ, ਜਿਸ ਨਾਲ ਰਾਜ ਸਰਕਾਰ ਨੂੰ ਸਾਲਾਨਾ ਕ੍ਰਮਵਾਰ 430 ਕਰੋੜ ਰੁਪਏ ਅਤੇ 800 ਕਰੋੜ ਰੁਪਏ ਦੀ ਵਾਧੂ ਆਮਦਨ ਹੋਵੇਗੀ। ਰਾਜ ਵਿਚ ਦਾਖਲ ਹੋਣ ਵਾਲੀਆਂ ਕੁਝ ਵਸਤਾਂ 'ਤੇ ਦਾਖਲਾ ਟੈਕਸ ਲਗਾ ਕੇ ਸਰਕਾਰ ਵੱਲੋਂ ਕੋਈ 100 ਕਰੋੜ ਰੁਪਏ ਦੀ ਵਾਧੂ ਆਮਦਨ ਪੈਦਾ ਕੀਤੇ ਜਾਣ ਅਤੇ ਜਾਇਦਾਦਾਂ ਦੀਆਂ ਰਜਿਸਟਰੀਆਂ ਦੇ ਮੌਜੂਦਾ ਕੁਲੈਕਟਰਲ ਭਾੜਿਆਂ ਵਿਚ 10 ਫ਼ੀਸਦੀ ਵਾਧਾ ਕਰਕੇ ਵੀ ਰਾਜ ਦੀ ਆਮਦਨ ਵਿਚ ਕੋਈ 150 ਕਰੋੜ ਰੁਪਏ ਦਾ ਵਾਧਾ ਕੀਤੇ ਜਾਣ ਦਾ ਵਿਚਾਰ ਹੈ। ਬਿਜਲੀ ਉੱਪਰ ਕਿਸਾਨਾਂ ਨੂੰ ਦਿੱਤੀ ਜਾ ਰਹੀ ਸਬਸਿੱਡੀ ਬਾਰੇ ਵੀ ਬਦਲਵੇਂ ਪ੍ਰਬੰਧ ਕਰਨ ਦੀ ਯੋਜਨਾ ਹੈ। ਇਸ ਯੋਜਨਾ ਤਹਿਤ ਖੇਤੀ ਟਿਊਬਵੈੱਲਾਂ ਦੀਆਂ ਮੋਟਰਾਂ ਲਈ 50 ਰੁਪਏ ਪ੍ਰਤੀ ਹਾਰਸ ਪਾਵਰ ਭਾੜਾ ਲਾਗੂ ਕੀਤੇ ਜਾਣ ਦੀ ਤਜਵੀਜ਼ ਹੈ, ਲੇਕਿਨ ਰਾਜ ਸਰਕਾਰ ਉਕਤ ਰਾਸ਼ੀ ਕਿਸਾਨਾਂ ਨੂੰ ਬਾਅਦ ਵਿੱਚ ਫ਼ਸਲੀ ਬੋਨਸ ਦੇ ਰੂਪ ਵਿੱਚ ਵਾਪਸ ਕਰ ਦੇਵੇਗੀ। ਰਾਜ ਸਰਕਾਰ ਵੱਲੋਂ ਕਿਸਾਨਾਂ 'ਤੇ ਟਿਊਬਵੈੱਲ ਮੋਟਰਾਂ ਲਈ ਉਕਤ ਭਾੜਾ ਇਸ ਲਈ ਲਾਗੂ ਕੀਤਾ ਜਾ ਰਿਹਾ ਹੈ ਤਾਂ ਜੋ ਬਿਜਲੀ ਦੇ ਖਰਚੇ ਨੂੰ ਫਸਲ ਦੇ ਲਾਗਤ ਮੁੱਲ ਵਿੱਚ ਸ਼ਾਮਿਲ ਕੀਤਾ ਜਾ ਸਕੇ। ਇਸ ਨਾਲ ਫ਼ਸਲਾਂ ਦੇ ਸਮਰਥਨ ਮੁੱਲ ਵਿੱਚ ਵਾਧਾ ਹੋ ਸਕੇਗਾ। ਕਿਸਾਨਾਂ ਨੂੰ ਮੋਟਰਾਂ ਦੇ ਬਿਲ ਲੱਗਣ ਨਾਲ ਘਾਟੇ ਵਿੱਚ ਜਾ ਰਹੀ ਬਿਜਲੀ ਬੋਰਡ ਨੂੰ ਵੀ ਸਾਲਾਨਾ 500 ਕਰੋੜ ਰੁਪਏ ਦੀ ਆਮਦਨ ਹੋਵੇਗੀ। ਬਿੱਲਾਂ ਦੀ ਅਦਾਇਗੀ ਕਿਸਾਨਾਂ ਨੂੰ ਸਾਲ ਵਿਚ ਦੋ ਵਾਰ ਕਰਨੀ ਪਵੇਗੀ। ਇਸੇ ਤਰ੍ਹਾਂ ਭੋਂ ਤਬਦੀਲੀ ਲਈ ਵੀ ਪ੍ਰਤੀ ਵਰਗ ਨਵੀਂਆਂ ਦਰਾਂ ਲਾਗੂ ਕਰਨ ਦਾ ਵਿਚਾਰ ਹੈ। ਇਸ ਨਾਲ ਰਾਜ ਸਰਕਾਰ ਨੂੰ ਕੋਈ 150 ਕਰੋੜ ਰੁਪਏ ਦੀ ਆਮਦਨ ਹੋ ਸਕਦੀ ਹੈ। ਸਰਕਾਰ ਪੰਜਾਬ ਦੇ ਮੌਜੂਦਾ ਬੱਸ ਭਾੜਿਆਂ ਵਿੱਚ ਵੀ 13 ਫ਼ੀਸਦੀ ਵਾਧਾ ਕੀਤੇ ਜਾਣ ਦੀ ਤਜਵੀਜ਼ ਰੱਖਦੀ ਹੈ। ਬੱਸ ਭਾੜਾ 49 ਪੈਸੇ ਤੋਂ ਵਧਾ ਕੇ 56 ਪੈਸੇ ਪ੍ਰਤੀ ਕਿਲੋਮੀਟਰ ਕੀਤਾ ਜਾਣਾ ਹੈ। ਅਜਿਹੀਆਂ ਕੁਝ ਹੋਰ ਤਜਵੀਜ਼ਾਂ ਵੀ ਇਸ ਰਿਪੋਰਟ ਵਿੱਚ ਰੱਖੀਆਂ ਗਈਆਂ ਹਨ। ਇਸ ਰਿਪੋਰਟ ਨੂੰ ਪ੍ਰਵਾਨ ਕਰਨ ਲਈ ਸਰਕਾਰ ਨੇ ਹਾਲੇ ਫ਼ੈਸਲਾ ਲੈਣਾ ਹੈ। ਸਰਕਾਰੀ ਘਾਟੇ ਨੂੰ ਦੂਰ ਕਰਨ ਲਈ ਨਵੀਆਂ ਤਜਵੀਜ਼ਾਂ ਨੂੰ ਲਾਗੂ ਕਰਨਾ ਸਰਕਾਰ ਦੀ ਮਜ਼ਬੂਰੀ ਬਣ ਗਈ ਹੈ। ਪੰਜਾਬ ਦੀ ਭਲਾਈ ਵੀ ਇਸ ਗੱਲ ਵਿੱਚ ਹੈ ਕਿ ਸਰਕਾਰੀ ਖਜ਼ਾਨੇ ਨੂੰ ਭਰਪੂਰ ਕੀਤਾ ਜਾਵੇ। ਇਸ ਸਿਲਸਿਲੇ ਵਿੱਚ ਸਰਕਾਰ ਨੂੰ ਇਹ ਖਿਆਲ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਨਵੀਆਂ ਤਜਵੀਜ਼ਾਂ ਦੇ ਨਾਲ ਆਮ ਲੋਕਾਂ ਵਿੱਚ ਸਿੱਧੇ ਤੌਰ 'ਤੇ ਬਹੁਤਾ ਬੋਝ ਨਾ ਪਵੇ। ਆਰਥਿਕ ਮੰਦਵਾੜੇ ਅਤੇ ਮਹਿੰਗਾਈ ਕਾਰਨ ਲੋਕ ਪਹਿਲਾ ਹੀ ਬੇਹੱਦ ਸੰਕਟਮਈ ਹਾਲਤਾਂ ਵਿੱਚੋਂ ਗੁਜ਼ਰ ਰਹੇ ਹਨ। ਇਸ ਸਥਿਤੀ ਵਿੱਚ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਮ ਲੋਕਾਂ 'ਤੇ ਬਹੁਤਾ ਅਤੇ ਬੇਲੋੜਾ ਬੋਝ ਨਾ ਲੱਦੇ। ਨਵੇਂ ਮਾਲੀ ਸਾਧਨ ਜਟਾਉਣ ਦੇ ਨਾਲ-ਨਾਲ ਸਰਕਾਰ ਨੂੰ ਫ਼ਜ਼ੂਲ ਖਰਚੀ ਉੱਪਰ ਵੀ ਰੋਕ ਲਗਾਉਣੀ ਚਾਹੀਦੀ ਹੈ।

**ਬਲਜੀਤ ਸਿੰਘ ਬਰਾੜ**

# ਜਦੋਂ ਵਾੜ ਖੇਤ ਨੂੰ ਖਾਏ...ਤਾਂ ਖੇਤ ਕੌਣ ਬਚਾਏ...?



**ਸਤਨਾਮ ਸਿੰਘ ਧਾਲੀਵਾਲ**

ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨੀ ਰਾਜ ਪੁਲਿਸ ਅਤੇ ਹੋਰ ਸੁਰੱਖਿਆ ਬਲਾਂ ਦੇ ਹੱਥ ਵਿੱਚ ਹੁੰਦਾ ਹੈ ਅਤੇ ਕਰਵਾਉਣੀ ਸਮੇਂ ਦੀ ਸਰਕਾਰ ਦੇ ਉੱਪਰ ਹੈ। ਉਸ ਸਮੇਂ ਆਮ ਵਿਅਕਤੀ ਦੇ ਹਿਰਦੇ ਵਲੂੰਧਰੇ ਜਾਂਦੇ ਹਨ, ਜਦੋਂ ਸੁਰੱਖਿਆ ਬਲਾਂ ਹੱਥੋਂ ਮਨੁੱਖੀ ਅਧਿਕਾਰਾਂ ਦਾ ਘਾਣ ਹੁੰਦਾ ਹੈ ਤੇ ਸਰਕਾਰਾਂ ਮੂਕ ਦਰਸ਼ਕ ਬਣ ਕੇ ਦੇਖਦੀਆਂ ਰਹਿੰਦੀਆਂ ਹਨ। ਸਾਨੂੰ ਅਜ਼ਾਦ ਹੋਇਆ ਕਰੀਬ 62 ਸਾਲ ਤੋਂ ਉੱਪਰ ਹੋ ਗਏ ਹਨ। ਪਰ ਫਿਰ ਵੀ ਭਾਰਤ ਵਿੱਚ ਘੱਟ ਗਿਣਤੀ ਸਿੱਖ ਕੌਮ ਆਪਣੇ ਆਪ ਨੂੰ ਸੁਰੱਖਿਅਤ ਨਾ ਹੋਣ ਕਾਰਨ ਗੁਲਾਮ ਹੀ ਸਮਝ ਰਹੀ ਹੈ। ਦਰਬਾਰ ਸਾਹਿਬ ਉੱਪਰ ਜੂਨ 1984 ਵਿੱਚ ਉਸ ਸਮੇਂ ਦੀ ਤਤਕਾਲੀਨ ਪ੍ਰਧਾਨ-ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਹਮਲਾ ਕਰਵਾ ਕੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦੀ ਯਾਦ ਵਿੱਚ ਇਕੱਠੇ ਹੋਏ ਅਨੇਕਾਂ ਬੇਦੋਸ਼ੇ ਸ਼ਰਧਾਲੂਆਂ ਨੂੰ ਸ਼ਹੀਦ ਕਰਵਾ ਦਿੱਤਾ। ਉਨ੍ਹਾਂ ਨਿਰਦੋਸ਼ ਸ਼ਰਧਾਲੂਆਂ ਦਾ ਕਸੂਰ ਸਿਰਫ਼ ਇੰਨਾ ਹੀ ਸੀ ਕਿ ਉਹ ਸਿੱਖ ਸਨ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਨ ਲਈ ਦਰਬਾਰ ਸਾਹਿਬ ਆਏ ਸਨ। ਉਨ੍ਹਾਂ ਵਿੱਚ ਔਰਤਾਂ ਅਤੇ ਦੁੱਧ ਚੁੰਘਦੇ ਬੱਚੇ ਵੀ ਸ਼ਾਮਲ ਸਨ। ਉਸ ਸਮੇਂ ਕੇਂਦਰ ਵਿੱਚ ਕਾਂਗਰਸ ਸਰਕਾਰ ਸੀ। ਹਥਿਆਰਬੰਦ ਨੌਜਵਾਨਾਂ ਨੂੰ ਦਰਬਾਰ ਸਾਹਿਬ ਵਿੱਚੋਂ ਬਾਹਰ ਕੱਢਣ ਦੇ ਹੋਰ ਵੀ ਕਈ ਤਰੀਕੇ ਸਨ ਅਤੇ ਪ੍ਰਕਾਸ਼ ਉਤਸਵ ਤੋਂ ਇਲਾਵਾ ਕੋਈ ਹੋਰ ਦਿਨ ਵੀ ਚੁਣਿਆ ਜਾ ਸਕਦਾ ਸੀ, ਜਿਸ ਦਿਨ ਦਰਬਾਰ ਸਾਹਿਬ ਵਿੱਚ ਜ਼ਿਆਦਾ ਇਕੱਠ ਨਾ ਹੁੰਦਾ।

ਸਰਕਾਰਾਂ ਕੋਈ ਵੀ ਫ਼ੈਸਲਾ ਸੋਚ ਵਿਚਾਰ ਕੇ ਲੈਂਦੀਆਂ ਹਨ। ਫ਼ੈਸਲੇ ਤੋਂ ਹੋਣ ਵਾਲੇ ਨਫ਼ਾ-ਨੁਕਸਾਨ ਬਾਰੇ ਪਹਿਲਾਂ ਸੋਚਦੀਆਂ ਹਨ। ਦੇਸ਼ ਦੀਆਂ ਖ਼ੁਫੀਆ ਏਜੰਸੀਆਂ ਵੀ ਹੋਣ ਵਾਲੇ ਨਫ਼ਾ ਨੁਕਸਾਨ ਦੀਆਂ ਅਗਾਉ ਜਾਣਕਾਰੀਆਂ ਸਰਕਾਰ ਨੂੰ ਦਿੰਦੀਆਂ ਹਨ। ਦਰਬਾਰ ਸਾਹਿਬ ਉੱਪਰ ਹਮਲਾ ਕਰਨ ਦੀ ਸਲਾਹ ਦੇਣ 'ਤੇ ਖ਼ੁਫੀਆ ਏਜੰਸੀਆਂ ਵੀ ਫੇਲ੍ਹ ਹੋਈਆਂ।

ਕੇਂਦਰ ਸਰਕਾਰ ਵੱਲੋਂ ਕਾਹਲੀ ਨਾਲ ਚੁੱਕਿਆ ਗਿਆ ਕਦਮ ਇੰਨਾ ਘਾਤਕ ਸਿੱਧ ਹੋਇਆ ਕਿ ਪੰਜਾਬ ਅਤੇ ਪੰਜਾਬ ਤੋਂ ਬਾਹਰ ਅਨੇਕਾਂ ਘਰਾਂ ਦੇ ਘਰ ਤਬਾਹ ਹੋ ਗਏ। ਕਈ ਘਰਾਂ ਵਿੱਚੋਂ ਆਪਣੇ ਗਿਆਂ ਨੂੰ ਰੋਣ ਵਾਲਾ ਵੀ ਨਹੀਂ ਬਚਿਆ। ਪੰਜਾਬ ਨੇ 10 ਸਾਲ ਤੋਂ ਵੱਧ ਦਾ ਸਮਾਂ ਇੰਨਾ ਸੰਤਾਪ ਭੋਗਿਆ ਕਿ ਅੱਜ ਤੱਕ ਵੀ ਬਲਦੀ ਉਸ ਅੱਗ ਦੀ ਚੰਗਿਆੜੀ ਸੁਲਘਦੀ ਨਜ਼ਰ ਆਉਂਦੀ ਹੈ। ਬੁੱਝਦੀ ਨਹੀਂ ਦਿੱਸਦੀ। ਦਰਬਾਰ ਸਾਹਿਬ ਉੱਪਰ ਹੋਏ ਫੌਜੀ ਹਮਲੇ ਕਾਰਨ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਦੇ ਹਿਰਦੇ ਵਲੂੰਦਰੇ ਗਏ। ਇਸ ਦੇ ਰੋਸ ਵਜੋਂ ਹਰੇਕ ਸਿੱਖ ਨੇ ਰੋਸ ਪ੍ਰਗਟ ਕਰਨ ਲਈ ਆਪਣਾ-ਆਪਣਾ ਤਰੀਕਾ ਲੱਭਿਆ। ਦੇਸ਼ ਤੋਂ ਬਾਹਰ ਵੱਸਦੇ ਸਿੱਖਾਂ ਨੇ ਵੀ ਭਾਰਤ ਸਰਕਾਰ ਖਿਲਾਫ਼ ਆਪਣੀ ਭੜਾਸ ਕੱਢੀ, ਜਿਸ ਕਰਕੇ ਉਨ੍ਹਾਂ ਦਾ ਨਾਮ ਕਾਲੀ ਸੂਚੀ ਵਿੱਚ ਪਾ ਦਿੱਤਾ ਗਿਆ।

ਦਰਬਾਰ ਸਾਹਿਬ ਉੱਪਰ ਹੋਏ ਹਮਲੇ ਤੋਂ ਬਾਅਦ ਸਭ ਤੋਂ ਪਹਿਲਾਂ ਸੂਰਤ ਸਿੰਘ ਖ਼ਾਲਸਾ, ਹਸਨਪੁਰਾ ਨੇ ਆਪਣੇ ਅਧਿਆਪਕ ਦੀ ਨੌਕਰੀ ਤੋਂ ਅਸਤੀਫਾ ਦੇ ਕੇ ਆਪਣੇ ਦੁੱਖ ਦਾ ਪ੍ਰਗਟਾਵਾ ਕੀਤਾ। ਉਸ ਤੋਂ ਬਾਅਦ ਬੁੱਧੀਜੀਵੀ ਖੁਸ਼ਵੰਤ ਸਿੰਘ ਨੇ ਵੀ ਰੋਸ ਵਜੋਂ ਪਦਮ ਸ਼੍ਰੀ ਮੈਡਲ ਵੀ ਵਾਪਸ ਕਰ ਦਿੱਤਾ। ਅਸਤੀਫੇ ਦੇਣ ਵਾਲਿਆਂ ਦੀਆਂ ਝੜੀਆਂ ਲੱਗ ਪਈਆਂ। ਸਿੱਖ ਧਰਮ ਨਾਲ ਸਬੰਧਿਤ ਫੌਜੀਆਂ ਨੇ ਆਪਣੀਆਂ ਨੌਕਰੀਆਂ ਅਤੇ ਅਹੁਦਿਆਂ ਨੂੰ ਠੋਕਰ ਮਾਰ ਕੇ ਦਰਬਾਰ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ। ਜਿਨ੍ਹਾਂ ਵਿੱਚੋਂ ਕੁਝ ਸ਼ਹੀਦ ਹੋ ਗਏ, ਕੁਝ ਲੰਮਾ ਸਮਾਂ ਤੱਕ ਜੇਲ੍ਹਾਂ ਵਿੱਚ ਬੰਦ ਰਹੇ। ਉਸ ਸਮੇਂ ਦੇ ਨੌਜਵਾਨਾਂ ਨੇ ਜੋਸ਼ ਵਿੱਚ ਆ ਕੇ ਦਰਬਾਰ ਸਾਹਿਬ ਉੱਪਰ ਹੋਏ ਹਮਲੇ ਦੇ ਰੋਸ ਵਜੋਂ ਭਾਰਤ ਸਰਕਾਰ ਵਿਰੁੱਧ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਕਿਸੇ ਮਜਹਬ ਨਾਲ ਵੈਰ ਨਹੀਂ ਸੀ ਅਤੇ ਨਾ ਹੀ ਕੋਈ ਨਿੱਜੀ ਲਾਭ ਲੈਣ ਦਾ ਇਰਾਦਾ ਸੀ।

ਸਿਰਫ਼ 84 ਵਿੱਚ ਹੋਏ ਹਮਲੇ ਪ੍ਰਤੀ ਰੋਸ ਦਿਖਾਉਣ ਦਾ ਤਰੀਕਾ ਜਾਂ ਬਦਲਾ ਲੈਣ ਦੀ ਭਾਵਨਾ ਸੀ। ਬੱਸ ਪੰਜਾਬ ਵਿੱਚ ਸ਼ੁਰੂ ਹੋ ਗਿਆ ਖ਼ੂਨੀ ਦੌਰ ਅਤੇ ਹੋ ਗਏ ਘਰਾਂ ਦੇ ਘਰ ਤਬਾਹ। ਪਿੰਡਾਂ ਦੇ ਵਿੱਚ ਕੋਈ ਹੀ ਐਸਾ ਘਰ ਹੋਵੇਗਾ ਜਿਹੜਾ ਇਸ ਅੱਗ ਤੋਂ ਬਚਿਆ ਹਊ। ਪੰਜਾਬ ਤੋਂ ਬਾਹਰ ਵੀ ਇਸ ਅੱਗ ਦਾ ਸੇਕ ਪੁੱਜਾ। 1984 ਦਹਾਕੇ ਦੌਰਾਨ ਪੰਜਾਬ ਪੁਲਿਸ ਨੇ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਦੀ ਕੋਈ ਕਸਰ ਨਹੀਂ ਛੱਡੀ। ਜਿਹੜਾ ਵੀ ਮੁੱਛ ਫੁੱਟ ਗੱਭਰੂ ਦੇਖਿਆ, ਚੁੱਕ ਲਿਆ ਅਤੇ ਜੇ ਪੈਸੇ ਨਾ ਮਿਲੇ ਤਾਂ ਦਿਖਾ ਤਾਂ ਪੁਲਿਸ ਮੁਕਾਬਲਾ ਤੇ ਲੈ ਲਿਆ ਇਨਾਮ ਤੇ ਤਰੱਕੀਆਂ। ਇਹ ਗੱਲ ਸੁਣ ਕੇ ਕਿਸੇ ਵੀ ਇਨਸਾਨ ਬੁੱਧੀਜੀਵੀ ਦੀ ਰੂਹ ਕੰਬਣੋਂ ਨਹੀਂ ਰਹਿ ਸਕਦੀ ਕਿ ਜਿਨ੍ਹਾਂ ਨੌਜਵਾਨਾਂ ਦਾ ਇਨਾਮ ਉਸ ਸਮੇਂ ਦੇ ਪੁਲਿਸ ਅਫ਼ਸਰ ਲੈ ਚੁੱਕੇ ਹਨ, ਉਹ ਅਜੇ ਵੀ ਜਿੰਦਾ ਹਨ ਅਤੇ ਉਨ੍ਹਾਂ ਦੀ ਜਗ੍ਹਾ ਜਿਹੜੇ ਬੇਕਸੂਰ ਮਾਰੇ ਗਏ ਸਨ, ਉਹ ਕੌਣ ਸਨ? ਇਹ ਸਵਾਲ ਅਜੇ ਵੀ ਬੁਝਾਰਤ ਬਣਿਆ ਹੋਇਆ ਹੈ। ਪਿੱਛੇ ਜਿਹੇ ਪੰਜਾਬ ਪੁਲਿਸ ਦੇ ਕੈਟ ਵੱਲੋਂ ਹੀ ਇਸ ਤਰ੍ਹਾਂ ਦਾ ਕੇਸ ਨਸ਼ਰ ਕੀਤਾ ਗਿਆ ਅਤੇ ਕਈ ਪੁਲਿਸ ਅਧਿਕਾਰੀਆਂ ਦੇ ਨਾਮ ਵੀ ਸਾਹਮਣੇ ਆਏ। ਜਿਹੜੇ ਪੈਸਿਆਂ ਦੇ ਇਨਾਮ ਦੇ ਨਾਲ-ਨਾਲ ਰਾਸ਼ਟਰਪਤੀ ਮੈਡਲ ਵੀ ਲੈ ਚੁੱਕੇ ਸਨ। 1984 ਦੇ ਦਹਾਕੇ ਦੌਰਾਨ ਕਈ ਨੌਜਵਾਨ ਪੰਜਾਬ ਪੁਲਿਸ ਦੇ ਤਸ਼ਦੱਦ ਤੋਂ ਡਰਦਿਆਂ ਅਤੇ ਜਾਨ ਬਚਾਉਣ ਲਈ ਵਿਦੇਸ਼ਾਂ ਵਿੱਚ ਜਾ ਕੇ ਵੱਸ ਗਏ ਅਤੇ ਕਈ ਰੁਪੋਸ਼ ਹੋ ਗਏ, ਜਿਨ੍ਹਾਂ ਦਾ ਨਾਮ ਵੀ ਭਾਰਤ ਸਰਕਾਰ ਵੱਲੋਂ ਕਾਲੀ ਸੂਚੀ ਵਿੱਚ ਦਰਜ਼ ਕਰ ਲਿਆ ਗਿਆ।

ਉਸੇ ਸਮੇਂ ਜਿਸ ਨੇ ਵੀ ਪੰਜਾਬ ਪੁਲਿਸ ਵਿਰੁੱਧ ਅਵਾਜ਼ ਉਠਾਉਣ ਦੀ ਕੋਸ਼ਿਸ਼ ਕੀਤੀ ਜਾਂ ਤਾਂ ਉਸ ਨੂੰ ਮਾਰ ਦਿੱਤਾ ਗਿਆ ਜਾਂ ਫਿਰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ। ਮੁਗਲ ਰਾਜ ਦੇ ਸਮੇਂ ਦੇ ਵਾਂਗ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣੇ ਸ਼ੁਰੂ ਹੋ ਗਏ। 20 ਹਜ਼ਾਰ ਅਣਪਛਾਤੀਆਂ ਲਾਸ਼ਾਂ ਦਾ ਪਤਾ ਲਗਾਉਣਾ ਕੋਈ ਛੋਟੀ ਗੱਲ ਨਹੀਂ ਸੀ। ਇਸ ਦਾ ਖਮਿਆਜ਼ਾ ਮਨੁੱਖੀ ਅਧਿਕਾਰਾਂ ਲਈ ਲੜਣ ਵਾਲੇ ਮਨੁੱਖੀ ਅਧਿਕਾਰ ਕਾਰਕੁੰਨ ਸ. ਜਸਵੰਤ ਸਿੰਘ ਖਾਲੜਾ ਨੂੰ ਆਪਣਾ ਬਲੀਦਾਨ ਦੇ ਕੇ ਭੁਗਤਣਾ ਪਿਆ। ਸ. ਖਾਲੜਾ ਵੱਲੋਂ ਮਨੁੱਖੀ ਅਧਿਕਾਰ ਸਬੰਧੀ ਉਠਾਈ ਅਵਾਜ਼ ਕਰਕੇ ਹੀ ਬਾਹਰੀ ਮਨੁੱਖੀ ਅਧਿਕਾਰ ਸੰਗਠਨਾਂ ਦਾ ਭਾਰਤ ਸਰਕਾਰ ਉੱਪਰ ਦਬਾਅ ਵਧਿਆ। ਅੰਤਰ ਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾਂ ਅਮਿਨਸ਼ਟੀ ਇੰਟਰਨੈਸ਼ਨਲ ਦੇ ਦਖਲ ਕਰਕੇ ਹੀ ਭਾਰਤ ਸਰਕਾਰ ਨੇ ਪ੍ਰੋਟੈਕਸ਼ਨ ਆਫ਼ ਹਿਊਮਨ ਰਾਈਟਸ ਐਕਟ 1993 ਹੋਂਦ ਵਿੱਚ ਲਿਆਂਦਾ ਅਤੇ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਬਣਾ ਦਿੱਤਾ ਅਤੇ ਬਾਅਦ ਵਿੱਚ 18 ਰਾਜਾਂ ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਸਥਾਪਿਤ ਕਰ ਦਿੱਤੇ। ਇਹਨਾਂ ਮਨੁੱਖੀ ਅਧਿਕਾਰ ਕਮਿਸ਼ਨਾਂ ਕਰਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੁਝ ਘਟੀ ਪਰ ਬੰਦ ਨਾ ਹੋਈ। ਕਿਉਂਕਿ ਇਹ ਬਿਨਾਂ ਦੰਦਾਂ ਤੋਂ ਸ਼ੇਰ ਸਨ ਅਤੇ ਇਹ ਐਕਟ ਬਾਹਰੀ ਦਬਾਅ ਕਾਰਨ ਬਣਾਉਣਾ ਪਿਆ ਸੀ। ਇਸ ਲਈ ਇਹਨਾਂ ਨੂੰ ਸਰਕਾਰ ਨੇ ਯੋਗ ਸ਼ਕਤੀਆਂ ਪ੍ਰਦਾਨ ਨਹੀਂ ਕੀਤੀਆਂ, ਜਿਸ ਕਰਕੇ ਹੁਣ ਤੱਕ ਆਮ ਲੋਕਾਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਇਹਨਾਂ ਕਮਿਸ਼ਨਾਂ ਦੀ ਅਲੋਚਨਾ ਹੁੰਦੀ ਰਹਿੰਦੀ ਹੈ ਅਤੇ ਇਹਨਾਂ ਕਮਿਸ਼ਨਾਂ ਨੂੰ ਵੱਧ ਸ਼ਕਤੀਆਂ ਦੇਣ ਦੀ ਗੱਲ ਵੀ ਆਮ ਕੀਤੀ ਜਾਂਦੀ ਹੈ। ਦਰਬਾਰ ਸਾਹਿਬ ਉੱਪਰ ਹੋਏ ਹਮਲੇ ਦੇ ਰੋਸ ਵਜੋਂ 31 ਅਕਤੂਬਰ 1984 ਨੂੰ ਕੁਝ ਨੌਜਵਾਨਾਂ ਨੇ ਬਦਲਾ ਲੈਣ ਦੀ ਭਾਵਨਾਂ ਨਾਲ ਤੱਤਕਾਲੀਨ ਪ੍ਰਧਾਨ-ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦਾ ਕਤਲ ਕਰ ਦਿੱਤਾ। ਭਾਵੇਂ ਇਸ ਕਤਲ ਦੇ ਜ਼ਿੰਮੇਵਾਰ ਵਿਅਕਤੀ ਮੌਕੇ 'ਤੇ ਹੀ ਫੜ੍ਹ ਲਏ ਗਏ ਸਨ। ਪਰ ਫਿਰ ਵੀ ਇੰਦਰਾ ਪਰਿਵਾਰ ਦੇ ਵਾਰਸ ਨੂੰ ਖੁਸ਼ ਕਰਨ ਲਈ ਮੋਹਰੀ ਕਾਂਗਰਸੀਆਂ ਨੇ ਸਿੱਖਾਂ ਦਾ ਕਤਲੇਆਮ ਕਰਵਾ ਦਿੱਤਾ। ਅਨੇਕਾਂ ਘਰਾਂ ਦੇ ਦੀਵੇ ਬੁਝਾ ਦਿੱਤੇ ਗਏ। ਅਨੇਕਾਂ ਧੀਆਂ-ਭੈਣਾਂ ਨੂੰ ਬੇਪੱਤ ਕੀਤਾ ਗਿਆ ਅਤੇ ਦੁੱਧ ਚੁੰਘਦੇ ਬੱਚਿਆਂ ਨੂੰ ਵੀ ਬਖ਼ਸ਼ਿਆ ਨਹੀਂ ਗਿਆ। ਜੋ ਬਿਆਨ ਕਰਨਾ ਔਖਾ ਲੱਗਦਾ ਹੈ। ਇਸ ਨਾਲ ਪੰਜਾਬ ਵਿੱਚ ਚੱਲ ਰਹੇ ਹਥਿਆਰਬੰਦ ਸੰਘਰਸ਼ ਨੂੰ ਹੋਰ ਬੱਲ ਮਿਲਿਆ ਅਤੇ ਬਲ ਉੱਠੀ ਬਦਲੇ ਦੀ ਅੱਗ। ਦਿੱਲੀ ਤੇ ਹੋਰ ਸ਼ਹਿਰਾਂ ਵਿੱਚ ਇਹ ਖ਼ੂਨੀ ਕਹਿਰ 5 ਦਿਨ ਚੱਲਿਆ। ਸੁਰੱਖਿਆ ਬਲਾਂ ਨੇ ਆਪਣੇ ਆਕਾਵਾਂ ਨੂੰ ਖ਼ੁਸ਼ ਕਰਨ ਵਾਸਤੇ ਆਪਣੇ ਫ਼ਰਜ਼ਾਂ ਦੀ ਪ੍ਰਵਾਹ ਨਾ ਕਰਦਿਆਂ ਸਿੱਖ ਕਤਲੇਆਮ ਵਿੱਚ ਮੂਹਰੇ ਹੋ ਕੇ ਪੂਰਾ ਯੋਗਦਾਨ ਪਾਇਆ ਅਤੇ ਕਰ ਦਿੱਤੇ ਘਰਾਂ ਦੇ ਘਰ ਤਬਾਹ। ਕਿਉਂ ਕਿ ਕੇਂਦਰ ਵਿੱਚ ਉਸ ਸਮੇਂ ਕਾਂਗਰਸ ਸਰਕਾਰ ਸੀ। ਕਾਂਗਰਸੀ ਹੀ ਆਪਣੇ ਆਉਣ ਵਾਲੇ ਪ੍ਰਧਾਨ ਮੰਤਰੀ ਨੂੰ ਖੁਸ਼ ਕਰਨ ਲਈ ਅਤੇ ਆਪ ਉੱਚੇ ਅਹੁਦੇ ਲੈਣ ਲਈ ਇਹ ਕੁਝ ਕਰ ਰਹੇ ਸਨ। ਪੁਲਿਸ ਅਧਿਕਾਰੀਆਂ ਨੂੰ ਵੀ ਤਰੱਕੀਆਂ ਅਤੇ ਚੰਗੀਆਂ ਥਾਵਾਂ ਲੈਣ ਦੀ ਆਸ ਸੀ। ਇਸ ਲਈ ਆਪਣੇ ਆਕਾਵਾਂ ਨੂੰ ਖ਼ੁਸ਼ ਕਰਨਾ ਜ਼ਰੂਰੀ ਸੀ। ਜਦੋਂ ਵਾੜ ਹੀ ਖੇਤ ਨੂੰ ਖਾ ਰਹੀ ਸੀ ਤਾਂ ਖੇਤ ਦਾ ਕੀ ਬਣਨਾ ਸੀ। ਬੰਗਾਲ ਨੂੰ ਛੱਡ ਕੇ ਜਿੱਥੇ ਸਿੱਖਾਂ ਦੀ ਬਹੁ-ਗਿਣਤੀ ਸੀ, ਹਰ ਜਗ੍ਹਾ ਸਿੱਖ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ। ਕਿਉਂਕਿ ਬੰਗਾਲ ਵਿੱਚ ਉਸ ਸਮੇਂ ਸੀ.ਪੀ.ਐਮ. ਦਾ ਰਾਜ ਸੀ। ਅਤੇ ਮੁੱਖ ਮੰਤਰੀ ਸੀ ਜੋਤੀ ਬਾਸੂ। ਜਿਸ ਦੀਆਂ ਪ੍ਰਸ਼ਾਸ਼ਨ ਨੂੰ ਘੱਟ ਗਿਣਤੀਆਂ ਦੀਆਂ ਰਾਖੀ ਕਰਨ ਵਾਸਤੇ ਸਖ਼ਤ ਹਦਾਇਤਾਂ ਸਨ। ਜਿਸ ਕਰ ਕੇ ਸਿੱਖਾਂ ਦਾ ਨੁਕਸਾਨ ਨਹੀਂ ਹੋਇਆ। ਲੋੜ ਹੈ ਹੋਰ ਰਾਜਸੀ ਪਾਰਟੀਆਂ ਨੂੰ ਇਸ ਤੋਂ ਸਿੱਖਿਆ ਲੈਣ ਦੀ।

ਸਿੱਖ ਕਤਲੇਆਮ ਨੂੰ 25 ਸਾਲ ਬੀਤ ਜਾਣ ਦੇ ਬਾਅਦ ਵੀ ਅਜੇ ਤੱਕ ਪੀੜ੍ਹਤਾਂ ਨੂੰ ਇਨਸਾਫ਼ ਨਹੀਂ ਮਿਲਿਆ। ਇੱਕ ਮਰਨ ਵਾਲੇ ਵਿਅਕਤੀ ਦਾ ਮੁੱਲ 2-4 ਲੱਖ ਰੁਪੈ ਪਾ ਦੇਣਾ ਕੋਈ ਅਹਿਮੀਅਤ ਨਹੀਂ ਰੱਖਦਾ। ਉਸ ਦੇ ਵਾਰਸ ਨੂੰ ਆਪਣੇ ਉੱਪਰ ਨਿਰਭਰ ਕਰਨ ਲਈ ਕੁਝ ਕਰਨਾ ਚਾਹੀਦਾ ਹੈ ਅਤੇ ਜ਼ਿੰਮੇਵਾਰ ਵਿਅਕਤੀਆਂ ਨੂੰ ਕਾਨੂੰਨ ਮੁਤਾਬਿਕ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਦੇਸ਼ ਦੇ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਨੂੰ ਦਿੱਲੀ ਕਤਲੇਆਮ ਵਿੱਚ ਸ਼ਾਮਲ ਵਿਅਕਤੀਆਂ ਲਈ ਵੱਖਰੀਆਂ ਅਦਾਲਤਾਂ ਸਥਾਪਿਤ ਕਰਨ ਲਈ ਕਹਿਣਾ ਕੋਈ ਅਹਿਮੀਅਤ ਨਹੀਂ ਰੱਖਦਾ। ਕਿਉਂਕਿ ਜਦੋਂ ਕੇਂਦਰ ਵਿੱਚ ਅਕਾਲੀ ਸਰਕਾਰ ਦੀ ਭਾਗੀਦਾਰੀ ਸੀ ਅਤੇ ਉਸ ਸਮੇਂ ਬਾਦਲ ਸਾਹਿਬ ਵੱਲੋਂ 1984 ਦੇ ਕਾਤਲਾਂ ਨੂੰ ਸਜਾ ਦਵਾਉਣ ਲਈ ਕੁਝ ਨਹੀਂ ਕਰਵਾਇਆ ਤਾਂ ਹੁਣ ਕਿਸ ਤਰ੍ਹਾਂ ਸੰਭਵ ਹੈ।

ਜਦੋਂ ਕਿ ਅਜੇ ਤੱਕ ਬਾਦਲ ਸਾਹਿਬ ਨੇ ਤਾਂ ਜੇਲ੍ਹਾਂ ਵਿੱਚ ਬੰਦ ਉਨ੍ਹਾਂ ਨੌਜਵਾਨਾਂ ਨੂੰ ਛੁਡਾਉਣ ਲਈ ਕੋਈ ਯਤਨ ਨਹੀਂ ਕੀਤਾ, ਜਿਨ੍ਹਾਂ ਨੌਜਵਾਨਾਂ ਨੇ ਦਰਬਾਰ ਸਾਹਿਬ ਉੱਪਰ ਹੋਏ ਹਮਲੇ ਤੋਂ ਬਾਅਦ ਰੋਸ ਵਜੋਂ ਹਥਿਆਰਬੰਦ ਸੰਘਰਸ਼ ਦਾ ਰਾਹ ਅਪਣਾ ਲਿਆ ਸੀ। ਪੰਜਾਬ ਅਤੇ ਪੰਜਾਬ ਤੋਂ ਬਾਹਰ ਜੇਲ੍ਹਾਂ ਵਿੱਚ ਲੰਮੇ ਸਮੇਂ ਤੋਂ ਬੰਦ ਹਨ ਅਤੇ ਆਪਣੀ ਜ਼ਿੰਦਗੀ ਜੇਲ੍ਹਾਂ ਵਿੱਚ ਲੰਘਾ ਕੇ ਬਜ਼ੁਰਗ ਹੋ ਚੁੱਕੇ ਹਨ। ਸੁਖਬੀਰ ਸਿੰਘ ਬਾਦਲ ਦਾ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੂੰ ਮੈਮੋਰੰਡਮ ਦੇਣਾ ਕੋਈ ਅਹਿਮੀਅਤ ਨਹੀਂ ਰੱਖਦਾ। ਕਿਉਂਕਿ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਇੰਨੇ ਪੁਰਾਣੇ ਕੇਸਾਂ ਦੀ ਜਾਂਚ ਕਰਨ ਦੇ ਅਧਿਕਾਰ ਨਹੀਂ ਹਨ ਅਤੇ ਬਾਦਲ ਸਾਹਿਬ ਵੀ ਜਾਣਦੇ ਹਨ ਕਿ ਮਨੁੱਖੀ ਅਧਿਕਾਰ ਕਮਿਸ਼ਨ ਤਾਂ ਆਮ ਕੇਸ ਵਿੱਚ ਕੁਝ ਨਹੀਂ ਕਰਦਾ ਤਾਂ ਅਜਿਹੇ ਕੇਸ ਵਿੱਚ ਕੀ ਕਰੇਗਾ। ਰੋਜ਼ ਤਾਂ ਮਨੁੱਖੀ ਅਧਿਕਾਰ ਕਮਿਸ਼ਨ ਦੀ ਅਲੋਚਨਾ ਹੋ ਰਹੀ ਹੈ। ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ ਵੀ ਸਰਕਾਰ ਨੇ ਹੀ ਕਰਨੀ ਹੁੰਦੀ ਹੈ। ਦੁੱਖ ਦੀ ਗੱਲ ਹੈ ਕਿ ਸਾਡੇ ਕਿਸੇ ਵੀ ਸੰਸਦ ਮੈਂਬਰ ਨੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਵਾਉਣ ਬਾਰੇ ਅਜੇ ਤੱਕ ਅਵਾਜ਼ ਨਹੀਂ ਉਠਾਈ। ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਤਾਂ 1984 ਦੇ ਪੀੜ੍ਹਤਾਂ ਲਈ ਅਤੇ ਨਾ ਹੀ ਸੁਰੱਖਿਆ ਬਲਾਂ ਹੱਥੋਂ ਮਾਰੇ ਗਏ ਨੌਜਵਾਨਾਂ ਦੇ ਪੀੜ੍ਹਤ ਪਰਿਵਾਰਾਂ ਦੀ ਬਾਂਹ ਫੜਣ ਦੀ ਕੋਸ਼ਿਸ਼ ਕੀਤੀ। ਜਦੋਂ ਕਿ ਇਸ ਕਾਰਜ ਲਈ ਸਭ ਤੋਂ ਵੱਧ ਜ਼ਿੰਮੇਵਾਰੀ ਇਹਨਾਂ ਦੀ ਬਣਦੀ ਸੀ। ਇਹ ਸੰਸਥਾਵਾਂ ਚਾਹੁੰਦੀਆਂ ਤਾਂ ਪੀੜ੍ਹਤ ਪਰਿਵਾਰਾਂ ਨੂੰ ਆਪਣੇ ਪੈਰਾਂ ਉੱਪਰ ਖੜ੍ਹਾ ਕਰ ਸਕਦੀਆਂ ਸਨ।

ਜਦੋਂ ਪੀੜ੍ਹਤ ਪਰਿਵਾਰ ਆਪਣੇ ਪਰਿਵਾਰਕ ਮੈਂਬਰਾਂ ਦੇ ਕਾਤਲਾਂ ਨੂੰ ਪਹਿਚਾਣਦੇ ਹਨ ਤਾਂ ਹੋਰ ਜਾਂਚ ਦੀ ਕੀ ਲੋੜ ਰਹਿ ਜਾਂਦੀ ਹੈ? ਦੇਰ ਨਾਲ ਮਿਲਿਆ ਇਨਸਾਫ਼, ਇਨਸਾਫ਼ ਨਹੀਂ ਹੁੰਦਾ। ਪ੍ਰਧਾਨ ਮੰਤਰੀ ਇੰਦਜਰਾ ਗਾਂਧੀ ਦੇ ਕਤਲ ਦੇ ਜ਼ਿੰਮੇਵਾਰ ਨੌਜਵਾਨਾਂ ਨੂੰ ਕੁਝ ਸਮੇਂ ਵਿੱਚ ਹੀ ਫ਼ਾਂਸੀ ਦੇ ਦਿੱਤੀ ਗਈ, ਜਦੋਂ ਕਿ ਉਸ ਸਮੇਂ ਦੇ ਪੀੜ੍ਹਤ ਪਰਿਵਾਰਾਂ ਨੂੰ ਇਨਸਾਫ਼ ਅੱਜ ਤੱਕ ਨਹੀਂ ਮਿਲਿਆ। ਦੋਸ਼ੀਆਂ ਨੂੰ ਬਚਾਉਣ ਲਈ ਕਈ ਕਮਿਸ਼ਨ ਬਣਾਉਣੇ ਪਏ। ਕਿਉਂਕਿ ਦੋਸ਼ੀ ਗਾਂਧੀ ਪਰਿਵਾਰ ਦੀ ਬੁੱਕਲ ਵਿੱਚ ਸਨ। ਸਮੇਂ ਦੇ ਨਾਲ-ਨਾਲ ਗਾਂਧੀ ਪਰਿਵਾਰ ਵਿੱਚ ਤਬਦੀਲੀ ਆਈ। ਕੇਂਦਰ ਵਿੱਚ ਸਿੱਖ ਪ੍ਰਧਾਨ ਮੰਤਰੀ ਬਣਾ ਕੇ ਸਿੱਖਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਉਸ ਕੋਲੋਂ ਸੰਸਦ ਵਿੱਚ ਦਰਬਾਰ ਉੱਪਰ ਹੋਏ ਹਮਲੇ ਲਈ ਮੁਆਫ਼ੀ ਵੀ ਮੰਗਵਾਈ ਗਈ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੇ ਦਰਬਾਰ ਸਾਹਿਬ ਜਾ ਕੇ ਆਪਣੇ ਵੱਡਿਆਂ ਤੋਂ ਹੋਈ ਗ਼ਲਤੀ 'ਤੇ ਦੁੱਖ ਜ਼ਾਹਰ ਕੀਤਾ। ਇਹ ਸਭ ਸਿੱਖ ਵੋਟ ਹਾਸਲ ਕਰਨ ਲਈ ਹੀ ਕੀਤਾ ਗਿਆ ਤੇ ਸਿੱਖ ਦਾ ਨਾਮ ਵਰਤਿਆ ਗਿਆ। ਕਿਤੇ ਵੀ ਸ. ਮਨਮੋਹਨ ਸਿੰਘ ਦੀ ਇਮਾਨਦਾਰੀ ਅਤੇ ਯੋਗਤਾ ਬਾਰੇ ਜ਼ਿਕਰ ਨਹੀਂ ਕੀਤਾ ਗਿਆ ਕਿ ਸਰਕਾਰ ਨੇ ਯੋਗ ਪ੍ਰਧਾਨ ਮੰਤਰੀ ਬਣਾਇਆ ਹੋਇਆ ਹੈ। ਆਪਣੇ ਪਿਤਾ ਦੀ ਕਾਤਲ ਨਲਨੀ ਨੂੰ ਮਿਲਣ ਵਾਸਤੇ ਪ੍ਰਿਅੰਕਾ ਗਾਂਧੀ ਜੇਲ੍ਹ ਵਿੱਚ ਗਈ ਅਤੇ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਵਾ ਕੇ ਗਾਂਧੀ ਪਰਿਵਾਰ ਦਾ ਬੜੱਪਣ ਦਿਖਾਇਆ। ਇਸੇ ਤਰ੍ਹਾਂ ਲਲਿਤ ਮਾਕਣ ਦੀ ਲੜਕੀ ਨੇ ਵੀ ਆਪਣੇ ਪਿਤਾ ਦੇ ਕਾਤਲ ਨੂੰ ਮਿਲ ਕੇ ਰਿਹਾਅ ਕਰਵਾਉਣ ਲਈ ਯੋਗਦਾਨ ਪਾਇਆ, ਜੋ ਸ਼ਾਲਾਘਾ-ਯੋਗ ਸੀ।

ਪਰ ਗਾਂਧੀ ਪਰਿਵਾਰ ਵੱਲੋਂ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ ਲਈ ਜ਼ਿੰਮੇਵਾਰ ਨੌਜਵਾਨਾਂ ਨੂੰ ਬਚਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ, ਸਗੋਂ ਫ਼ਾਂਸੀ ਲਗਵਾਉਣ ਲਈ ਉਪਰਾਲੇ ਆਰੰਭੇ ਗਏ। ਜੇ ਕਰ ਇਸ ਪਰਿਵਾਰ ਨੇ ਉਹਨਾਂ ਨੌਜਵਾਨਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੁੰਦੀ ਅਤੇ ਦਰਬਾਰ ਸਾਹਿਬ ਉੱਪਰ ਹੋਏ ਹਮਲੇ ਤੋਂ ਬਾਅਦ ਰੋਸ ਵਜੋਂ ਹਥਿਆਰਬੰਦ ਸੰਘਰਸ਼ ਦੌਰਾਨ ਜੇਲ੍ਹਾਂ ਵਿੱਚ ਬੰਦ ਕੀਤੇ ਨੌਜਵਾਨਾਂ ਨੂੰ ਰਿਹਾਅ ਕਰਵਾ ਕੇ ਉਨ੍ਹਾਂ ਦੇ ਮੁੜ ਵਸੇਵੇ ਦਾ ਪ੍ਰਬੰਧ ਕੀਤਾ ਹੁੰਦਾ, 1984 ਦੇ ਕਤਲੇਆਮ ਦੇ ਦੋਸ਼ੀਆਂ ਖਿਲਾਫ਼ ਕਾਨੂੰਨ ਮੁਤਾਬਿਕ ਕਾਰਵਾਈ ਕਰਵਾਈ ਹੁੰਦੀ, ਦੋਸ਼ੀਆਂ ਨੂੰ ਪਾਰਟੀ ਵਿੱਚੋਂ ਕੱਢਿਆ ਹੁੰਦਾ ਅਤੇ ਪੀੜਤਾਂ ਲਈ ਮੁੜ ਵਸੇਵੇ ਦਾ ਪ੍ਰਬੰਧ ਕੀਤਾ ਹੁੰਦਾ ਅਤੇ ਸਰਕਾਰ ਵੱਲੋਂ ਬਣਾਈ ਕਾਲੀ ਸੂਚੀ ਖ਼ਤਮ ਕੀਤੀ ਜਾਂਦੀ ਤਾਂ ਸਿੱਖਾਂ ਦੇ ਮਨ ਸ਼ਾਂਤ ਹੋ ਸਕਦੇ ਸਨ। ਸ਼ਾਇਦ ਸਿੱਖ ਕੌਮ ਗਾਂਧੀ ਪਰਿਵਾਰ ਵੱਲੋਂ ਕਰਵਾਏ ਅੱਤਿਆਚਾਰਾਂ ਨੂੰ ਭੁਲਾਉਣ ਦੀ ਕੋਸ਼ਿਸ਼ ਕਰਦੀ।

ਜਦੋਂ ਦਰਬਾਰ ਸਾਹਿਬ ਉੱਪਰ ਹਮਲਾ ਹੋਇਆ ਸੀ ਤਾਂ ਉਸ ਸਮੇਂ ਕੇਂਦਰ ਵਿੱਚ ਕਾਂਗਰਸ ਸਰਕਾਰ ਸੀ ਅਤੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਸੀ। ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਹੋਇਆਤਾਂ ਉਸ ਸਮੇਂ ਇਲੈਕਟ੍ਰੋਨਿਕ ਮੀਡੀਆ ਤੋਂ ਸ਼ਰੇਆਮ ਇੰਦਰਾ ਗਾਂਧੀ ਦੀ ਲਾਸ਼ ਲਾਗੇ ਖੜ੍ਹੇ ਹਜੂਮ ਵਿੱਚੋਂ ਅਵਾਜ਼ਾਂ ਸੁਣ ਰਹੀਆਂ ਸਨ ਕਿ ਖ਼ੂਨ ਦਾ ਬਦਲਾ ਖ਼ੂਨ। ਉਸ ਪਰਿਵਾਰ ਦੇ ਵਾਰਸ ਸ਼੍ਰੀ ਰਾਜੀਵ ਗਾਂਧੀ ਨੇ ਵੀ ਕਿਹਾ ਸੀ ਕਿ ਜਦੋਂ ਕੋਈ ਵੱਡਾ ਦਰੱਖ਼ਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੈ। ਜਿਸ ਤੋਂ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਦੇ ਦੋਸ਼ੀਆਂ ਨੂੰ ਦਿੱਤੀ ਗਈ ਸ਼ਹਿ ਸਾਬਤ ਹੁੰਦੀ ਹੈ ਅਤੇ ਹੁਣ ਵੀ ਕੇਂਦਰ ਵਿੱਚ ਕਾਂਗਰਸ ਸਰਕਾਰ ਹੈ। ਸ਼੍ਰੀਮਤੀ ਸੋਨੀਆ ਗਾਂਧੀ ਪਾਰਟੀ ਪ੍ਰਧਾਨ ਹੈ। ਸਰਕਾਰ ਦੀ ਵਾਂਗ-ਡੋਰ ਗਾਂਧੀ ਪਰਿਵਾਰ ਦੇ ਹੱਥ ਵਿੱਚ ਹੈ ਤੇ ਪਿਛਲੇ ਸਮੇਂ ਵਿੱਚ ਸਭ ਕੁੱਝ ਵਾਪਰੇ ਲਈ ਗਾਂਧੀ ਪਰਿਵਾਰ ਹੀ ਜ਼ਿੰਮੇਵਾਰ ਹੈ। ਇਸ ਲਈ ਯੂਨੀਵਰਸਲ ਹਿਊਮਨ ਰਾਈਟਸ ਓਰਗੇਨਾਈਜੇਸ਼ਨ ਆਸ ਕਰਦੀ ਹੈ ਕਿ ਗਾਂਧੀ ਪਰਿਵਾਰ ਨੂੰ ਲੰਬਿਤ ਹੋਏ ਸਿੱਖ ਮਸਲਿਆਂ ਨੂੰ ਹਮਦਰਦੀ ਨਾਲ ਵਿਚਾਰਦਿਆਂ ਹੱਲ ਕਰਵਾਉਣਾ ਚਾਹੀਦਾ ਹੈ ਅਤੇ ਗਾਂਧੀ ਪਰਿਵਾਰ ਅਤੇ ਲਲਿਤ ਮਾਕਣ ਪਰਿਵਾਰ ਦੀ ਤਰਜ਼ 'ਤੇ ਚੱਲਦਿਆਂ ਬੇਅੰਤ ਪਰਿਵਾਰ ਅਤੇ ਮਨਿੰਦਰ ਸਿੰਘ ਬਿੱਟਾ ਨੂੰ ਵੀ ਜੇਲ੍ਹਾਂ ਵਿੱਚ ਮੌਤ ਦੀ ਸਜ਼ਾ ਭੁਗਤ ਰਹੇ ਨੌਜਵਾਨਾਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਾਉਣ ਅਤੇ ਰਿਹਾਅ ਕਰਵਾਉਣ ਲਈ ਹਮਦਰਦੀ ਰਿਹਾ ਅਤੇ ਸ਼ਲਾਘਾ-ਯੋਗ ਕਦਮ ਚੁੱਕਣਾ ਚਾਹੀਦਾ ਹੈ ਤਾਂ ਜੋ ਜੂਨ 1984 ਤੋਂ ਪੰਜਾਬ ਵਿੱਚ ਰੋਸ ਤੇ ਬਦਲੇ ਵਜੋਂ ਸੁਲਘਦੀ ਆ ਰਹੀ ਚੰਗਿਆੜ ਨੂੰ ਬੁਝਾਇਆ ਜਾ ਸਕੇ ਅਤੇ ਸਿੱਖਾਂ ਦੇ ਮਨ ਵਿੱਚੋਂ ਬੇਗਾਨਗੀ ਦੀ ਭਾਵਨਾ ਖ਼ਤਮ ਹੋ ਸਕੇ।

## ਦਿੱਲੀ ਦੇ ਝਰੋਖੇ ਚੋਂ

# ਦਿੱਲੀ ਭਾਜਪਾ ਦਾ 'ਕਮਾਂਡਰ' ਬਣਨ ਲਈ ਦੌੜ ਸ਼ੁਰੂ



**ਡਾ. ਦਰਸ਼ਨ ਸਿੰਘ ਹਰਵਿੰਦਰ**

ਭਾਰਤੀ ਜਨਤਾ ਪਾਰਟੀ ਵੱਲੋਂ ਦੋਨੋਂ ਸਿਖਰਲੇ ਆਹੁਦਿਆਂ ਦੇ ਨੇਤਾ ਬਦਲੇ ਜਾਣ ਮਗਰੋਂ ਦਿੱਲੀ ਭਾਜਪਾ ਦੀ ਕਮਾਨ ਸੰਭਾਲਣ ਲਈ ਪਾਰਟੀ ਨੇਤਾਵਾਂ ਦੀ ਦੌੜ ਤੇਜ ਹੋ ਗਈ ਹੈ। ਭਾਜਪਾ ਦਿੱਲੀ ਪ੍ਰਦੇਸ਼ ਦੇ ਪ੍ਰਧਾਨ ਦੀ ਕੁਰਸੀ ਮੱਲਣ ਲਈ ਵਾਹੋਦਾਹੀ ਲੱਗੀ ਇਸ ਦੌੜ ਵਿਚਲੇ 'ਅਥਲੀਟਾਂ' ਵਿਚ ਸਾਬਕਾ ਕੇਂਦਰੀ ਮੰਤਰੀ ਵਿਜੇ ਗੋਇਲ, ਦਿੱਲੀ ਵਿਧਾਨ ਸਭਾ ਵਿਚ ਸਾਬਕਾ ਵਿਰੋਧੀ ਨੇਤਾ ਪ੍ਰੋ. ਜਗਦੀਸ਼ ਮੁਖੀ, ਸਾਬਕਾ ਮੇਅਰ ਆਰਤੀ ਮਹਿਰਾ, ਨੰਦ ਕਿਸ਼ੋਰ ਗਰਗ, ਵਿਜੇਂਦਰ ਗੁਪਤਾ ਤੇ ਪਵਨ ਸ਼ਰਮਾ ਉਂਗਲਾਂ 'ਤੇ ਗਿਣੇ ਜਾਣ ਵਾਲੇ ਨਾਵਾਂ ਵਿਚ ਪ੍ਰਮੁੱਖ ਹਨ। ਸੁਣਨ ਵਿਚ ਤਾਂ ਇਹ ਵੀ ਆਇਆ ਹੈ ਕਿ ਐਤਕੀਂ ਪਾਰਟੀ ਸੰਘ ਦੀ ਪਸੰਦ ਨੂੰ ਨਜ਼ਰ ਅੰਦਾਜ਼ ਕਰਨ ਦੇ ਰੌਅ (ਮੂਡ) ਵਿਚ ਨਹੀਂ ਹੈ ਤੇ ਇਸ ਬਾਰੇ ਤਿੰਨ ਮਹੀਨਿਆਂ 'ਚ 'ਕਮਲ' ਵਿਚ ਜਾਨ ਫੂਕਣ ਦਾ ਦਾਅਵਾ ਕਰਨ ਵਾਲੇ ਭਾਜਪਾ ਦੇ ਨਵੇਂ ਕੌਮੀ ਪ੍ਰਧਾਨ ਨਿਤਿਨ ਗੜਕਰੀ ਨਾਲ ਸੰਘ ਦੇ ਨੇਤਾਵਾਂ ਦੀ ਚਰਚਾ ਹੋ ਚੁੱਕੀ ਹੈ। ਇਸ ਲਈ ਨਿਤਿਨ ਨੂੰ ਆਪਣੀ ਤਾਕਤ ਤੇ ਸਨੇਹ ਵਿਖਾਉਣ ਦੀ ਕਸਰਤ ਪੂਰੇ ਜੋਸ਼ ਤੇ ਜਲੌਅ ਨਾਲ ਸ਼ੁਰੂ ਹੈ।

ਦਰਅਸਲ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਰਾਜ-ਭਾਗ (ਸੱਤਾ) ਤੋਂ ਬਾਹਰ ਸੱਖਣੀ ਖੜ੍ਹੀ ਭਾਜਪਾ ਨੂੰ ਦਿੱਲੀ ਵਿਚ ਵੀ ਨਿਤਿਨ ਗੜਕਰੀ ਜੇਹੇ 'ਕਮਾਂਡਰ' ਦੀ ਲੋੜ ਹੈ। ਦਿੱਲੀ ਵਿਧਾਨ ਸਭਾ ਰਾਹੀਂ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਦਾ ਮੁੜ ਵੱਕਾਰ ਬਹਾਲ ਹੋਣ 'ਤੇ ਭਾਜਪਾ ਨੇਤਾ ਮਦਨ ਲਾਲ ਖੁਰਾਣਾ ਦੇ ਮੁੱਖ ਮੰਤਰੀ ਕਾਲ ਖਤਮ ਹੋਣ ਤੋਂ ਬਾਅਦ ਦਿੱਲੀ ਵਿਚ ਭਾਜਪਾ ਲਗਾਤਾਰ ਕਮਜ਼ੋਰ ਹੁੰਦੀ ਗਈ। ਪਾਰਟੀ ਅੰਦਰਲੇ 'ਕਾਟੋ-ਕਲੇਸ਼' ਦੀ ਬਦੌਲਤ ਸ੍ਰੀ ਖੁਰਾਨਾ ਦੀ ਬਤੌਰ ਮੁੱਖ ਮੰਤਰੀ ਲਈ 'ਬਲੀ' ਦਾ ਸਰਾਪ ਉਨ੍ਹਾਂ ਦੇ ਉਤਾਰਾਧਿਕਾਰੀਆਂ ਮਰਹੂਮ ਡਾ. ਸਾਹਿਬ ਸਿੰਘ ਵਰਮਾ ਤੇ ਸੁਸ਼ਮਾ ਸਵਰਾਜ ਦੇ ਸੰਖੇਪ ਜਿਹੇ ਕਾਰਜਕਾਲ 'ਤੇ ਪੈਣ ਤੋਂ ਅਜਿਹਾ ਸ਼ੁਰੂ ਹੋਇਆ ਕਿ ਇਸ ਦਾ ਅਸਰ ਦਿਨੋ ਦਿਨ ਦੀ ਘਟਣ ਦੀ ਬਜਾਇ ਵਧਦਾ ਹੀ ਗਿਆ।

ਇਹੋ ਵਜ੍ਹਾ ਹੈ ਕਿ ਜਿਥੇ ਇਕ ਪਾਸੇ ਪਾਰਟੀ ਵਰਕਰਾਂ ਨੂੰ ਮਜਬੂਤ ਕਮਾਂਡਰ ਨਹੀਂ ਮਿਲ ਰਿਹਾ, ਉਥੇ ਕਾਂਗਰਸੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦਿਨੋ ਦਿਨ ਹੋਰ ਮਜਬੂਤ ਹੋ ਕੇ ਉਭਰੀ ਹੈ। ਦਿੱਲੀ ਸਰਕਾਰ ਦੇ ਕਈ ਵਾਹਯਾਤ ਫੈਸਲਿਆਂ ਤੋਂ ਨਾਰਾਜ਼ ਹੋਣ ਦੇ ਬਾਵਜੂਦ ਇਥੋਂ ਦੇ ਬਾਸ਼ਿੰਦਿਆਂ ਕੋਲ ਕਾਂਗਰਸ ਦਾ ਬਦਲ ਨਾ ਹੋਣ ਕਾਰਨ ਉਹ ਕਾਂਗਰਸ ਦੇ ਨਾਲ ਰਹਿਣ ਲਈ ਮਜਬੂਰ ਹਨ।

ਓਧਰ ਅੰਦਰੂਨੀ ਲੜਾਈ ਵਿਚ ਹੀ ਉਲਝ ਕੇ ਰਹਿ ਜਾਣ ਕਾਰਨ ਦਿੱਲੀ ਪ੍ਰਦੇਸ਼ ਭਾਰਤੀ ਜਨਤਾ ਪਾਰਟੀ ਦੀ ਫਜੀਹਤ ਘੱਟ ਹੋਣ ਦੀ ਬਜਾਇ ਵਧਦੀ ਹੀ ਜਾ ਰਹੀ ਹੈ। ਇਸਦੇ ਨੇਤਾਵਾਂ ਦੇ ਆਪਸੀ 'ਕਾਟੋ-ਕਲੇਸ਼' ਕਾਰਨ ਸ਼ੀਲਾ ਸਰਕਾਰ ਦੇ ਖਿਲਾਫ ਤਮਾਮ ਮੁੱਦਿਆਂ ਦੀ ਭਰਮਾਰ ਹੋਣ ਦੇ ਬਾਅਦ ਵੀ ਪਾਰਟੀ ਸਰਕਾਰ ਨੂੰ ਘੇਰਨ ਵਿਚ ਸਫ਼ਲ ਨਹੀਂ ਹੋ ਪਾ ਰਹੀ ਸਗੋਂ ਦਿੱਲੀ ਦੇ ਰਾਜ ਭਾਗ ਦਾ ਲੁਤਫ ਲੈ ਰਹੇ ਕਾਂਗਰਸੀਆਂ ਨੂੰ ਉਸਦਾ ਮਖੌਲ ਉਠਾਉਣ ਦਾ ਮੌਕਾ ਮਿਲ ਰਿਹਾ ਹੈ। ਦਿੱਲੀ ਵਿਧਾਨ ਸਭਾ ਵਿਚ ਲਗਾਤਾਰ ਤਿੰਨ ਸ਼ਰਮਨਾਕ ਹਾਰਾਂ ਤੋਂ ਬਾਅਦ ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਦੀਆਂ ਸਾਰੀਆਂ ਦੀਆਂ ਸਾਰੀਆਂ ਸੱਤੇ ਸੀਟਾਂ ਗੁਆਉਣ 'ਤੇ ਵੀ ਲਗਦਾ ਹੈ ਪਾਰਟੀ ਨੇ ਕੋਈ ਸਬਕ ਨਹੀਂ ਲਿਆ। ਦਿੱਲੀ ਭਾਜਪਾ ਦੀ ਸੂਬਾਈ ਸਿਆਸਤ ਵਿਚ ਇਸ ਸਮੇਂ ਪ੍ਰੋ. ਵਿਜੇ ਕੁਮਾਰ ਮਲਹੋਤਰਾ ਤੇ ਪ੍ਰੋ. ਓਮ ਪ੍ਰਕਾਸ਼ ਕੋਹਲੀ ਜੇਹੇ ਅਤੀ ਸੀਨੀਅਰ ਨੇਤਾਵਾਂ ਦੀ ਛਤਰ-ਛਾਇਆ ਹੈ। ਲਿਹਾਜਾ ਪਾਰਟੀ ਦੇ ਵਰਕਰਾਂ 'ਚ ਕਿਸੇ ਜੋਸ਼ੋ-ਖਰੋਸ਼ ਵਾਲੇ ਊਰਜਾਵਾਨ ਨੇਤਾ ਨੂੰ ਕਮਾਨ ਦੇਣ ਦੀ ਆਵਾਜ਼ ਊਠ ਰਹੀ ਹੈ ਜਿਸ ਰਾਹੀਂ ਦਿੱਲੀ ਵਿਚ ਕਾਂਗਰਸ ਦੇ ਮਜਬੂਤ ਕਿਲੇ ਨੂੰ ਢਹਾਇਆ ਜਾ ਸਕੇ।

ਮੌਜੂਦਾ ਪ੍ਰਦੇਸ਼ਕ ਪ੍ਰਧਾਨ ਓਮ ਪ੍ਰਕਾਸ਼ ਕੋਹਲੀ ਨੂੰ ਅੰਤਰਿਮ ਪ੍ਰਧਾਨ ਵਜੋਂ ਡਾ. ਹਰਸ਼ਵਰਧਨ (ਜਿਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਮਿਲੀ ਸ਼ਿਕਸਤ ਦੇ ਕਾਰਨ ਸਵੈ ਇੱਛਾ ਨਾਲ 'ਤਿਆਗ' ਕਰ ਦਿੱਤਾ ਸੀ) ਤੋਂ ਬਾਅਦ ਜ਼ਿੰਮੇਵਾਰੀ ਸੌਂਪੀ ਗਈ ਸੀ। ਸ੍ਰੀ ਕੋਹਲੀ ਦੀ ਕਮਾਨ ਹੇਠ ਸੱਤੇ ਲੋਕ ਸਭਾ ਸੀਟਾਂ ਹਾਰਨ ਤੋਂ ਬਾਅਦ ਵਿਧਾਨ ਸਭਾ ਤੇ ਦਿੱਲੀ ਮਿਊਂਸਪਲ ਕਾਰਪੋਰੇਸ਼ਨ ਦੀਆਂ ਜ਼ਿਮਨੀ ਚੋਣਾਂ ਜਿੱਤਣ ਨਾਲ ਭਾਵੇਂ ਭਾਜਪਾ ਵਿਚ ਵਿਸ਼ਵਾਸ ਦਾ ਸੰਚਾਰ ਹੋਇਆ ਹੈ, ਪਰ ਇਹਦੇ ਬਾਵਜੂਦ ਉਹਨਾਂ ਦਾ ਹਟਣਾ ਤੈਅ ਹੈ ਕਿਉਂਕਿ ਪਾਰਟੀ ਦੀ ਧੜੇਬੰਦੀ ਵਿਚ ਉਹ ਆਪਣਾ ਅਸਰ ਨਹੀਂ ਦਿਖਾ ਸਕੇ।

ਪਾਰਟੀ ਦਾ ਪ੍ਰਦੇਸ਼ਕ ਪ੍ਰਧਾਨ ਬਣਨ ਲਈ ਸਭ ਤੋਂ ਵੱਧ ਉਤਾਵਲਿਆਂ ਵਿਚ ਵਿਜੇ ਗੋਇਲ ਦਾ ਨਾਂ ਸਭ ਤੋਂ ਉਤਾਂਹ ਹੈ। ਪਿਛਲੀ ਵਾਰ ਵੀ ਉਹ ਪ੍ਰਧਾਨ ਬਣਦੇ ਬਣਦੇ ਰਹਿ ਗਏ ਸਨ। ਹਾਲਾਂਕਿ ਹਾਈਕਮਾਨ ਵਿਚ ਅਰੁਣ ਜੇਟਲੀ ਤੇ ਸੁਸ਼ਮਾ ਸਵਰਾਜ ਸ੍ਰੀ ਗੋਇਲ ਦੇ ਪੱਖ ਵਿਚ ਨਹੀਂ ਮੰਨੇ ਜਾਂਦੇ ਪਰ ਗੋਇਲ ਦੀ ਕਾਰਜ ਸ਼ੈਲੀ ਨੂੰ ਮੱਦੇ ਨਜ਼ਰ ਰਖਦਿਆਂ ਉਨ੍ਹਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਤਿੰਨ ਵਾਰ ਸਾਂਸਦ ਰਹੇ ਗੋਇਲ ਜੋ ਵਾਜਪਾਈ ਧੜੇ ਨਾਲ ਸੰਬੰਧਤ ਹਨ, ਦਿੱਲੀ ਦਾ ਮੁੱਖ ਮੰਤਰੀ ਬਣਨ ਦੀ ਵੀ ਦੌੜ ਲਾ ਚੁੱਕੇ ਹਨ, ਪਰ ਉਨ੍ਹਾਂ ਦੀ ਬਦਕਿਸਮਤੀ ਇਹ ਕਿ ਭਾਜਪਾ ਬਹੁਮਤ ਵਿਚ ਨਾ ਆ ਸਕੀ। ਪਰ ਹਾਲ ਹੀ ਵਿਚ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਸਾਖ ਨੂੰ ਜੋ ਖੋਰਾ ਲੱਗਿਆ ਹੈ, ਉਸ ਰਾਜ ਦੇ ਪ੍ਰਭਾਰੀ ਵਜੋਂ ਇਹ ਉਨ੍ਹਾਂ ਦੀ ਰਾਹ ਵਿਚ ਰੋੜੇ ਅਟਕਾ ਸਕਦਾ ਹੈ। ਵਿਜੇ ਗੋਇਲ ਦੇ ਵਿਰੋਧ ਵਿਚ ਵਿਜੇ ਮਲਹੋਤਰਾ ਲਾਬੀ ਪੂਰੀ ਤਰ੍ਹਾਂ ਨਾਲ ਸਰਗਰਮ ਹੈ, ਪਰ ਲਗਦਾ ਹੈ ਉਹ ਗੜਕਰੀ ਦੇ ਕਾਫੀ ਨੇੜੇ ਪਹੁੰਚ ਚੁੱਕੇ ਹਨ। ਲੋਕ ਸਭਾ ਚੋਣਾਂ ਵਿਚ ਸ਼ਰਮਨਾਕ ਹਾਰ ਦੇ ਕਾਰਨ ਪ੍ਰੋ. ਜਗਦੀਸ਼ ਮੁਖੀ ਦਾ ਜੋ ਕੱਦ ਘਟਿਆ ਹੈ, ਉਹ ਉਨ੍ਹਾਂ ਲਈ ਸੰਕਟ ਪੈਦਾ ਕਰ ਰਿਹਾ ਹੈ, ਹਾਲਾਂਕਿ ਦਵਾਰਕਾ ਵਿਧਾਨ ਸਭਾ ਜ਼ਿਮਨੀ ਚੋਣ 'ਚ ਪਾਰਟੀ ਉਮੀਦਵਾਰ ਨੂੰ ਜਿਤਾ ਕੇ ਉਨ੍ਹਾਂ ਆਪਣੀ ਸਾਖ ਮਜਬੂਤ ਕੀਤੀ ਹੈ। ਪੰਜਾਬੀ ਨੇਤਾ ਵਜੋਂ ਹੀ ਮਹਿਲਾ ਦਾਅਵੇਦਾਰ ਦੇ ਤੌਰ 'ਤੇ ਆਰਤੀ ਮਹਿਰਾ ਦਾ ਨਾਂ ਵੀ ਬਦਲ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਪਰ ਸੰਗਠਨ ਵਿਚ ਕੰਮ ਕਰਨ ਦਾ ਉਨ੍ਹਾਂ ਦਾ ਕੋਈ ਵਿਸ਼ੇਸ਼ ਅਨੁਭਵ ਨਹੀਂ ਹੈ।

ਇਸ ਤੋਂ ਇਲਾਵਾ ਆਰ ਐਸ ਐਸ ਨਾਲ ਜੁੜੇ ਪਵਨ ਸ਼ਰਮਾ ਤੇ ਨੰਦ ਕਿਸ਼ੋਰ ਗਰਗ ਹਨ, ਦਿੱਲੀ ਮਿਊਂਸਪਲ ਕਾਰਪੋਰੇਸ਼ਨ ਵਿਚ ਸਟੈਂਡਿੰਗ ਕਮੇਟੀ ਦੇ ਸਾਬਕਾ ਚੇਅਰਮੈਨ ਵਿਜੇਂਦਰ ਗੁਪਤਾ ਵੀ ਭਾਵੇਂ ਲੋਕ ਸਭਾ ਚੋਣ ਵੱਡੇ ਫਰਕ ਨਾਲ ਹਾਰ ਚੁੱਕੇ ਹਨ, ਪਰ ਉਮੀਦਵਾਰ ਬਣ ਕੇ ਉਨ੍ਹਾਂ ਇਹ ਜਤਾਇਆ ਹੈ ਕਿ ਹਾਈਕਮਾਨ ਉਨ੍ਹਾਂ 'ਤੇ ਵਿਸ਼ਵਾਸ ਕਰਦੀ ਹੈ। ਖੈਰ ਇਨ੍ਹਾਂ ਚਿਹਰਿਆਂ ਦੇ ਪਿੱਛੇ ਉਨ੍ਹਾਂ ਦੇ ਆਕਾ ਪਿੱਛੇ ਰਹਿ ਕੇ ਆਪਣੇ ਚਹੇਤਿਆਂ ਨੂੰ ਇਸ ਕੁਰਸੀ 'ਤੇ ਬਿਠਾਉਣ ਲਈ ਯਤਨਸ਼ੀਲ ਹਨ।

ਕਾਬਲ-ਏ-ਗੌਰ ਹੈ ਕਿ ਇਥੇ ਭਾਜਪਾ ਵਿਚ ਹਮੇਸ਼ਾ ਹੀ ਪੰਜਾਬੀ-ਵੈਸ਼ ਧੜੇਬੰਦੀ ਰਹੀ ਹੈ। ਇਸ ਵੇਲੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰੋ. ਵਿਜੇ ਕੁਮਾਰ ਮਲਹੋਤਰਾ ਪੰਜਾਬੀ ਹਨ। ਪਾਰਟੀ ਵਿਚ ਸੰਤੁਲਨ ਬਣਾਈ ਰੱਖਣ ਲਈ ਪ੍ਰਦੇਸ਼ਕ ਪ੍ਰਧਾਨਗੀ ਲਈ ਵੈਸ਼ਯ ਭਾਈਚਾਰੇ ਦਾ ਦਾਅਵਾ ਜ਼ਿਆਦਾ ਜਤਾਇਆ ਜਾ ਰਿਹਾਹੈ। ਚੂੰਕਿ ਇਕ ਹੋਰ ਪੰਜਾਬੀ ਨੇਤਾ ਸੁਭਾਸ਼ ਆਰੀਆ ਇਸ ਸਾਲ ਕਾਰਪੋਰੇਸ਼ਨ ਵਿਚ ਮੇਅਰ ਪਦ ਦੇ ਦਾਅਵੇਦਾਰ ਹਨ ਤਾਂ ਸਾਰੇ ਪਦ ਕਿਸੇ ਪੰਜਾਬੀ ਨੂੰ ਦੇਣ ਵਿਚ ਪਾਰਟੀ ਨੂੰ ਜ਼ੁਰਅਤ ਵਾਲਾ ਫੈਸਲਾ ਲੈਣਾ ਪਵੇਗਾ। ਇਸ ਦੌੜ ਵਿਚ ਵਿਜੇ ਗੋਇਲ, ਵਿਜੇਂਦਰ ਗੁਪਤਾ ਤੇ ਨੰਦ ਕਿਸ਼ੋਰ ਗਰਗ ਵੈਸ਼ ਕਮਿਊਨਿਟੀ ਨਾਲ ਸੰਬੰਧਤ ਹੋਣ ਕਾਰਨ ਵਧੇਰੇ ਸਰਗਰਮ ਹਨ।

ਹਾਲਾਂਕਿ ਮੈਂਬਰ ਭਰਤੀ ਮੁਹਿੰਮ ਚਲ ਰਹੀ ਹੈ ਤੇ ਇਹਦੇ ਆਧਾਰ 'ਤੇ ਹੀ ਮੰਡਲ ਤੇ ਜ਼ਿਲਿਆਂ ਦੇ ਪ੍ਰਧਾਨਾਂ ਦਾ ਫੈਸਲਾ ਹੁੰਦਾ ਹੈ। ਜਿਸ ਧੜੇ ਦੇ ਜ਼ਿਆਦਾ ਪ੍ਰਧਾਨ ਆਉਂਦੇ ਹਨ, ਉਸੇ ਦਾ ਪ੍ਰਧਾਨ ਵੀ ਬਣਦਾ ਹੈ ਪਰ ਇਹ ਵੀ ਇਕ ਕੌੜਾ ਸੱਚ ਹੈ ਕਿ ਸੰਗਠਨਾਤਮਕ ਚੋਣਾਂ ਦੀ ਕਸਰਤ ਦੇ ਬਾਵਜੂਦ ਪਾਰਟੀ ਪ੍ਰਧਾਨ ਦੇ ਲਈ ਮੋਹਰ ਤਾਂ ਹਾਈਕਮਾਨ ਦੀ ਹੀ ਲਗਦੀ ਹੈ। ਵੇਖੋ ਇਹਦੇ ਲਈ ਗੁਣਾ ਐਤਕੀਂ ਕੀਹਦੇ 'ਤੇ ਪੈਂਦਾ ਹੈ ?